
# ਜੌਹਨ ਲਾੱਕ

- ਜੌਹਨ ਲਾੱਕ ਦਾ ਜੀਵਨ ਇਤਿਹਾਸ

**ਜਨਮ** - ਜੌਹਨ ਲਾੱਕ ਵੀ ਹਾੱਬਸ ਦੀ ਤਰ੍ਹਾਂ ਬਰਤਾਨਵੀ ਨਾਗਰਿਕ ਸੀਂ। ਉਸਦਾ ਜਨਮ ਇੰਗਲੈਂਡ ਵਿਚ ਸਮਰਸੇਟ ਕੈਰਿੰਗਟਨ ਨਾਂ ਦੇ ਸਥਾਨ ਤੇ 29ਅਗਸਤ, 1632 ਨੂੰ ਹੋਇਆ ਸੀ।ਉਸਦਾ ਪਰਿਵਾਰ ਭਾਵੇਂ ਮੱਧਵਰਗੀ ਸੀ, ਪਰ ਲਾੱਕ ਦੀ ਦੇਖਭਾਲ ਵਿਚ ਉਨ੍ਹਾਂ ਨੇ ਕੋਈ ਕਮੀ ਨਾ ਛੱਡੀ ਸੀ ।ਉਸਦਾ ਪਿਤਾ ਤਤਕਾਲੀ ਸਮੇਂ ਵਿਚ ਚੱਲਣ ਵਾਲੇ ਘਰੇਲੂ ਯੁੱਧ ਵਿੱਚ ਸੰਸਦ ਪੱਖੀ ਸੈਨਾ ਦਾ ਇਕ ਅਧਿਕਾਰੀ ਸੀ ਅਤੇ ਉਹ ਬ੍ਰਿਟੇਨ ਵਿਚ ਸੰਸਦ ਦੀ ਸਰਵ-ਉੱਚਤਾ ਨੂੰ ਸਥਾਪਿਤ ਕਰਨ ਦਾ ਸਮਰੱਥਕ ਸੀ।



# ਸਿੱਖਿਆ ਅਤੇ ਕਿੱਤਾ

ਲਾੱਕ ਦਾ ਪਰਿਵਾਰ ਮੱਧ-ਵਰਗੀ ਸੀ ਫਿਰ ਵੀ ਉਨ੍ਹਾਂ ਨੇ ਲਾੱਕ ਦੀ ਸਿੱਖਿਆ ਲਈ ਪੂਰਨ ਪ੍ਰਬੰਧ ਕੀਤੇ ਸਨ । ਉਹ ਇਕ ਬੁੱਧੀਮਾਨ ਤੇ ਪ੍ਰਤਿਭਾਸ਼ਾਲੀ ਵਿਦਿਆਰਥੀ ਸੀ। ਉਸਦੀ ਮੁੱਢਲੀ ਸਿੱਖਿਆ ਘਰ ਵਿੱਚ ਹੀ ਹੋਈ ਸੀ। ਮੁੱਢਲੀ ਸਿੱਖਿਆ ਮਗਰੋਂ ਉਸ ਨੂੰ ਵੈਸਟਮਿੰਸਟਰ ਦੇ ਪਬਲਿਕ ਸਕੂਲ ਵਿਚ ਭੇਜਿਆ ਗਿਆ ਸੀ। 1656 ਵਿਚ ਲਾੱਕ ਨੇ ਆਕਸਫੋਰਡ ਦੇ ਕਰਾਈਸਟ ਚਰਚ ਕਾਲਿਜ ਵਿਚੋਂ ਬੀ. ਏ. ਦੀ ਅਤੇ 1658 ਵਿਚ ਐਮ. ਏ. ਦੀ ਡਿਗਰੀ ਪ੍ਰਾਪਤ ਕੀਤੀ ਸੀ। ਸਿੱਖਿਆ ਪ੍ਰਾਪਤ ਕਰਨ ਮਗਰੋਂ ਉਹ ਯੂਨਾਨੀ ਭਾਸ਼ਾ, ਕਾਵਿ ਸ਼ਾਸਤਰ ਅਤੇ ਦਰਸ਼ਨ ਦਾ ਸਿੱਖਿਅਕ ਨਿਯੁੱਕਤ ਹੋਇਆ ਸੀ। ਪਰ ਇਸ ਕਿੱਤੇ ਵਿੱਚ ਉਸਦਾ ਮਨ ਨਾ ਲੱਗਿਆ । ਇਸ ਲਈ ਉਸਨੇ ਇਸ ਕਿੱਤੇ ਨੂੰ ਛੱਡ ਕੇ ਪਾਦਰੀ ਬਣਨ ਦਾ ਨਿਸ਼ਚਾ ਕੀਤਾ ਸੀ, ਪਰ ਚਰਚ ਦੇ ਕਠੋਰ ਨਿਯਮਾਂ ਕਾਰਨ ਉਹ ਇਸ ਵਿਚ ਵੀ ਰੁਚੀ ਨਾ ਲੈ ਸਕਿਆ ਇਸ ਤੋਂ ਮਗਰੋਂ ਉਸਨੇ ਡਾਕਟਰੀ ਦੇ ਕਿੱਤੇ ਨੂੰ ਅਪਣਾਇਆ ਅਤੇ ਡੇਵਿਡ ਥਾੱਮਸ ਨਾਂ ਦੇ ਡਾਕਟਰ ਦਾ ਚੇਲਾ ਬਣ ਗਿਆ।

# ਮੌਤ

ਜੌਹਨ ਲਾੱਕ ਨੇ ਆਰੰਭ ਤੋਂ ਹੀ ਆਪਣੀ ਸਿਹਤ ਪ੍ਰਤੀ ਧਿਆਨ ਨਾ ਦਿੱਤਾ ਸੀ ਅਤੇ ਉਸ ਨੂੰ ਕਈ ਵਾਰੀ ਸਿਹਤ ਦੀ ਦੇਖਭਾਲ ਲਈ ਵਿਦੇਸ਼ ਵੀ ਜਾਣਾ ਪਿਆ ਸੀ। ਵਾਧੂ ਦਿਮਾਗੀ ਕਿਰਤ ਕਰਨ ਨਾਲ ਉਸ ਦੀ ਸਿਹਤ ਹੋਰ ਖਰਾਬ ਹੋ ਗਈ ਅਤੇ 1704 ਇ. ਵਿੱਚ ਉਸਦੀ ਮੌਤ ਹੋ ਗਈ। ਉਸ ਸਮੇਂ ਉਸ ਦੀ ਉਮਰ 72 ਸਾਲ ਦੀ ਸੀ।

# ਰਚਨਾਵਾਂ

ਲਾੱਕ ਨੇ ਆਪਣੇ ਜੀਵਨ ਕਾਲ ਵਿੱਚ ਰਾਜਨੀਤੀ ਸ਼ਾਸਤਰ, ਧਰਮ ਸ਼ਾਸਤਰ, ਅਰਥ ਸ਼ਾਸਤਰ, ਸਿੱਖਿਆ ,ਦਰਸ਼ਨ ਅਤੇ ਵਿਗਿਆਨ ਉਤੇ ਕਈ ਗ੍ਰੰਥ ਲਿਖੇ ਹਨ। ਰਾਜਨੀਤੀ ਸ਼ਾਸਤਰ ਵਿੱਚ ਲਿਖੇ ਉਨ੍ਹਾਂ ਦੇ ਮੁੱਖ ਗ੍ਰੰਥ ਇਸ ਤਰ੍ਹਾਂ ਹਨ –

1. ਸਹਿਨਸ਼ੀਲਤਾ ਤੇ ਪਹਿਲਾ ਪੱਤਰ (1689)
2. ਸਹਿਨਸ਼ੀਲਤਾ ਤੇ ਦੂਜਾ ਪੱਤਰ (1690)
3. ਸ਼ਾਸਨ ਤੇ ਦੋ ਨਿਬੰਧ (1690)
4. ਮਨੁੱਖੀ ਸੁਭਾਅ ਸਬੰਧੀ ਨਿਬੰਧ (1690)
5. ਸਹਿਨਸ਼ੀਲਤਾ ਤੇ ਤੀਜਾ ਪੱਤਰ (1692)
6. ਕੈਰੋਲੀਨਾ ਦਾ ਮੌਲਿਕ ਸੰਵਿਧਾਨ (1692)

ਇਹਨਾਂ ਸਾਰੀਆਂ ਰਚਨਾਵਾਂ ਵਿਚੋਂ ਉਸ ਦੀ 'ਸ਼ਾਸਨ ਤੇ ਦੋ ਨਿਬੰਧ' ਪ੍ਰਮੁੱਖ ਅਤੇ ਮਹੱਤਵਪੂਰਨ ਰਚਨਾ ਹੈਂ। ਇਸ ਰਚਨਾ ਦਾ ਉਦੇਸ਼ ਨਿਰਕੁੰਸ਼ਤਾਵਾਦ ਦੇ ਅਧਾਰਾਂ ਦਾ ਖੰਡਨ ਕਰਨਾ ਅਤੇ ਇਹ ਸਿੱਧ ਕਰਨਾ ਸੀ ਕਿ1688 ਦੀ ਕ੍ਰਾਂਤੀ ਤੋਂ ਰਾਜਾ ਵਿਲੀਅਮ ਨੂੰ ਪ੍ਰਾਪਤ ਰਾਜਸੱਤਾ ਜਨਤਾ ਦੀ ਸਹਿਮਤੀ ਤੇ ਆਧਾਰਿਤ  ਸੀ।

# ਜੌਹਨ ਲਾੱਕ ਦੇ ਰਾਜਨੀਤਿਕ ਵਿਚਾਰ

ਜੌਹਨ ਲਾੱਕ ਇੰਗਲੈਂਡ ਦਾ ਇਕ ਪ੍ਰਸਿੱਧ ਸਮਝੌਤਾਵਾਦੀ ਵਿਚਾਰਕ ਸੀ ਉਸ ਨੇ ਇੰਗਲੈਂਡ ਅਤੇ ਫਰਾਂਸ ਦੀ ਰਾਜਨੀਤੀ ਨੂੰ ਨਜ਼ਦੀਕ ਤੋਂ ਦੇਖਿਆ ਸੀ। ਉਥੇ ਦੀ ਰਾਜਨੀਤਿਕ ਵਿਵਸਥਾ ਬਾਰੇ ਉਸ ਨੇ ਆਪਣੇ ਵਿਚਾਰ ਆਪਣੀ ਪੁਸਤਕਾਂ 'ਸ਼ਾਸਨ ਤੇ ਦੋ ਨਿਬੰਧ' ਅਤੇ 'letter on toleration' ਵਿੱਚ ਪ੍ਰਗਟ ਕੀਤੇ ਹਨ।ਇਨ੍ਹਾਂ ਪੁਸਤਕਾਂ ਵਿੱਚ ਰਾਜਾ ਦੇ ਦੈਵੀ ਅਧਿਕਾਰਾਂ ਅਤੇ ਅਧਿਕਾਰੀਆਂ ਦਾ ਵਰਨਣ ਕੀਤਾ ਹੈ। ਇਸ ਵਿਚ ਉਸ ਨੇ ਸਰਕਾਰ ਦੀ ਉੱਤਪਤੀ, ਸੁਭਾਅ ਅਤੇ ਕਾਰਜ ਖੇਤਰ ਦਾ ਵਿਸਥਾਰ ਪੂਰਣ ਵਰਨਣ ਕੀਤਾ ਸੀ। ਲਾੱਕ ਨੇ ਆਪਣੀ ਰਾਜਨੀਤਿਕ ਵਿਚਾਰ ਇੰਗਲੈਂਡ ਦੀ ਤੱਤਕਾਲੀ ਰਾਜਨੀਤਿਕ ਵਿਵਸਥਾ ਨੂੰ ਦੇਖਦੇ ਹੋਏ ਪੇਸ਼ ਕੀਤੇ ਸਨ। ਲਾੱਕ ਦੇ ਮੁੱਖ ਰਾਜਨੀਤਿਕ ਵਿਚਾਰ ਇਸ ਤਰ੍ਹਾਂ ਹਨ -

# 1. ਸਮਾਜਿਕ ਸਮਝੌਤੇ ਸਬੰਧੀ ਵਿਚਾਰ

ਲਾੱਕ ਨੇ ਸਮਾਜਿਕ ਸਮਝੌਤੇ ਸਬੰਧੀ ਆਪਣੇ ਵਿਚਾਰ ਆਪਣੀ ਪੁਸਤਕ 'Two Treaties on Government'ਵਿਚ ਪੇਸ਼ ਕੀਤੇ ਹਨ। ਲਾੱਕ ਦਾ ਵਿਚਾਰ ਹੈ ਕਿ ਕੁਦਰਤੀ ਅਵਸਥਾ ਵਿਚ ਮਨੁੱਖ ਨੂੰ ਆਪਣੀ ਲੋੜ ਦੀਆਂ ਕਈ ਵਸਤੂਆਂ ਪ੍ਰਾਪਤ ਨਹੀਂ ਹੁੰਦੀਆਂ ਸਨ। ਉਸਦਾ ਵਿਚਾਰ ਹੈ ਕਿ ਕੁਦਰਤੀ ਅਵਸਥਾ ਵਿਚ ਸਾਰੇ ਮਨੁੱਖ ਇਕ ਸਮਾਨ ਹੋਣ ਕਾਰਨ ਸਮਾਜਿਕ ਸਮਝੌਤਾ ਸਾਰੇ ਵਿਅਕਤੀਆਂ ਵੱਲੋਂ ਸਾਰੇ ਵਿਅਕਤੀਆਂ ਦੁਆਰਾ ਕੀਤਾ ਗਿਆ ਸੀ। ਲਾੱਕ ਅਨੁਸਾਰ ਕੁਦਰਤੀ ਅਵਸਥਾ ਤੋਂ ਬਚਾਅ ਲਈ ਮਨੁੱਖ ਦੁਆਰਾ ਦੋ ਸਮਝੌਤੇ ਕੀਤੇ ਗਏ ਸਨ। ਪਹਿਲੇ ਸਮਝੌਤੇ ਨੂੰ ਉਹ ਸਮਾਜਿਕ ਸਮਝੌਤੇ ਦਾ ਨਾ ਦਿੰਦਾ ਹੈ ਜਿਸ ਦੁਆਰਾ ਸਮਾਜ ਦੀ ਸਥਾਪਨਾ ਹੁੰਦੀ ਹੈ ਅਤੇ ਦੂਜੇ ਸਮਝੌਤੇ ਨੂੰ ਉਹ ਰਾਜਨੀਤਿਕ ਸਮਝੌਤੇ ਦਾ ਨਾਂ ਦਿੰਦਾ ਹੈ ਜਿਸ ਦੁਆਰਾ ਰਾਜ ਦੀ ਸਥਾਪਨਾ ਹੋਈ ਸੀ। ਇਸ ਸਮਾਜਿਕ ਸਮਝੌਤੇ ਦੁਆਰਾ ਮਨੁੱਖ ਨੇ ਆਪਣੇ ਕਈ ਅਧਿਕਾਰ ਸਮਾਜਿਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਾਜ ਨੂੰ ਸੌਂਪ ਦਿੱਤੇ ਸਨ। ਰਾਜਨੀਤਿਕ ਸਮਝੌਤੇ ਦੁਆਰਾ ਜਿਸ ਰਾਜ ਦਾ ਨਿਰਮਾਣ ਹੋਇਆ ਸੀ ਉਸਦਾ ਉਦੇਸ਼ ਵਿਅਕਤੀ ਦੇ ਜੀਵਨ ,ਸੁਤੰਤਰਤਾ ਅਤੇ ਸੰਪੱਤੀ ਦੀ ਅੰਦਰੂਨੀ ਤੇ ਬਾਹਰੀ ਸੰਕਟਾਂ ਤੋਂ ਰੱਖਿਆ ਕਰਨਾ ਸੀ। ਇਸ ਉਦੇਸ਼ ਨੂੰ ਧਿਆਨ ਵਿਚ ਰੱਖਦੇ ਹੋਏ ਮਨੁੱਖ ਨੇ ਆਪਣੇ ਕਈ ਕੁਦਰਤੀ ਅਧਿਕਾਰਾਂ ਦਾ ਤਿਆਗ ਕਰ ਦਿੱਤਾ ਸੀ।

# 2. ਮਨੁੱਖੀ ਸੁਭਾਅ ਸਬੰਧੀ ਵਿਚਾਰ

ਲਾੱਕ ਆਪਣੇ ਰਾਜਨੀਤਕ ਵਿਚਾਰਾਂ ਵਿੱਚ ਮਨੁੱਖੀ ਸੁਭਾਅ ਨੂੰ ਸੁਭਾਵਿਕ ਤੌਰ ਤੇ ਚੰਗਾ ਦੱਸਦਾ ਹੈ ਅਤੇ ਉਸਦੇ ਮਨੁੱਖੀ ਗੁਣਾਂ ਤੇ ਜ਼ੋਰ ਦਿੰਦਾ ਹੈ। ਉਹ ਮਨੁੱਖ ਨੂੰ ਇੱਕ ਚੰਗਾ ਤੇ ਵਿਵੇਕਸ਼ੀਲ ਜੀਵ ਮੰਨਦਾ ਹੈ ਅਤੇ ਇਹ ਵਿਚਾਰ ਪੇਸ਼ ਕਰਦਾ ਹੈ ਕਿ ਵਿਵੇਕ ਪੂਰਣ ਹੋਣ ਕਾਰਨ ਉਹ ਆਪਣੀ ਇੱਛਾ ਤੇ ਨੈਤਿਕ ਵਿਵਸਥਾ ਨੂੰ ਪ੍ਰਵਾਨ ਕਰਕੇ ਉਸਦੇ ਅਨੁਸਾਰ ਜੀਵਨ ਬਤੀਤ ਕਰਨਾ ਆਪਣਾ ਕਰਤੱਵ ਮੰਨਦਾ ਹੈ। ਲਾੱਕ ਦਾ ਮਨੁੱਖ ਪਰ-ਉਪਕਾਰੀ ਅਤੇ ਅਧਿਆਤਮਵਾਦੀ ਹੈ। ਉਹ ਸ਼ਹਿਣਸ਼ੀਲਤਾ ,ਸਹਿਯੋਗ ਪ੍ਰੇਮ ਅਤੇ ਦਇਆ ਆਦਿ ਮਨੁੱਖੀ ਗੁਣਾਂ ਤੋਂ ਪੂਰਣ ਹੈ ਅਤੇ ਉਸ ਦੇ ਅਨੁਸਾਰ ਬਿਹਾਰ ਕਰਨਾ ਆਪਣਾ ਕਰਤੱਵ ਮੰਨਦਾ ਹੈ। ਮਨੁੱਖ ਸੁਭਾਅ ਦੀ ਇਸ ਸਥਿਤੀ ਦੇ ਅਧਾਰ ਤੇ ਹੀ ਲਾੱਕ ਕੁਦਰਤੀ ਅਵਸਥਾ ਦਾ ਚਿੱਤਰ ਪੇਸ਼ ਕਰਦਾ ਹੈ। ਉਸਦਾ ਵਿਚਾਰ ਹੈ ਕਿ ਮਨੁੱਖ ਦਾ ਸੁਭਾਅ ਉਪਯੋਗਿਤਾਵਾਦੀ ਹੈ। ਜਿਸ ਵਸਤੂ ਦੀ ਉਸਨੂੰ ਲੋੜ ਹੁੰਦੀ ਹੈ ਜਾਂ ਜਿਸ ਵਸਤੂ ਤੋਂ ਉਸ ਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਉਸ ਵਸਤੂ ਨੂੰ ਉਹ ਚਾਹੁੰਦਾ ਹੈ ਅਤੇ ਜਿਸ ਵਸਤੂ ਤੋਂ ਉਸ ਨੂੰ ਦੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਉਹ ਉਸ ਨੂੰ ਨਹੀਂ ਚਾਹੁੰਦਾ ਹੈ। ਆਪਣੇ ਸੁੱਖਾਂ ਦੀ ਪ੍ਰਾਪਤੀ ਲਈ ਹੀ ਉਸ ਨੇ ਸਮਾਜਿਕ ਸਮਝੌਤਾ ਵੀ ਕੀਤਾ ਸੀ।

# 3. ਕੁਦਰਤੀ ਅਵਸਥਾ ਸੰਬੰਧੀ ਵਿਚਾਰ

ਲਾੱਕ ਨੇ ਹਾੱਬਸ ਦੇ ਉਲਟ ਆਪਣੀ ਕੁਦਰਤੀ ਅਵਸਥਾ ਦਾ ਵਰਣਨ ਕਰਦੇ ਹੋਏ ਲਿਖਿਆ ਹੈ ਕਿ ਕੁਦਰਤੀ ਵਿਵਸਥਾ ਇਕ ਚੰਗੀ ਅਵਸਥਾ ਸੀ। ਇਸ ਅਵਸਥਾ ਵਿੱਚ ਮਨੁੱਖ ਆਪਸੀ ਯੁੱਧ ਦੀ ਅਵਸਥਾ ਵਿੱਚ ਨਾ ਰਹਿ ਕੇ ਆਪਸੀ ਸਹਿਯੋਗ ਦੀ ਅਵਸਥਾ ਵਿੱਚ ਰਹਿੰਦੇ ਸਨ। ਕੁਦਰਤੀ ਅਵਸਥਾ ਵਿੱਚ ਹਰੇਕ ਵਿਅਕਤੀ ਸਮਾਨ ਸਨ ਕਿਉਂਕਿ ਕੁਦਰਤ ਨੇ ਹਰੇਕ ਨੂੰ ਸਮਾਨ ਹੀ ਬਣਾਇਆ ਸੀ। ਕੁਦਰਤੀ ਅਵਸਥਾ ਵਿਚ ਸ਼ਾਂਤੀ ਤੇ ਵਿਵਸਥਾ ਕਾਇਮ ਸੀ ਇਸੇ ਲਈ ਸਾਰੇ ਵਿਅਕਤੀ ਸਮਾਨ ਤੇ ਸੁਤੰਤਰ ਮੰਨੇ ਜਾਂਦੇ ਸਨ। ਕਿਸੇ ਵੀ ਵਿਅਕਤੀ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਪਹੁੰਚਾਇਆ ਜਾਂਦਾ ਸੀ। ਕੁਦਰਤੀ ਅਵਸਥਾ ਵਿੱਚ ਹਰੇਕ ਵਿਅਕਤੀ ਪੂਰਨ ਤੌਰ ਤੇ ਸੁਤੰਤਰ ਹੁੰਦੇ ਸਨ, ਪਰ ਇਹ ਸਤੰਤਰਤਾ, ਸਵੈ-ਇੱਛਾ ਤੇ ਅਧਾਰਿਤ ਨਹੀਂ ਸੀ ਕਿਉਂਕਿ ਕੁਦਰਤੀ ਅਵਸਥਾ ਦਾ ਕੰਟਰੋਲ ਕੁਦਰਤੀ ਨਿਯਮਾਂ ਦੁਆਰਾ ਹੀ ਹੁੰਦਾ ਹੈ। ਇਸ ਕੁਦਰਤੀ ਅਵਸਥਾ ਵਿਚ ਨਾਗਰਿਕਾਂ ਨੂੰ ਕੁਦਰਤੀ ਅਧਿਕਾਰ ਪ੍ਰਾਪਤ ਸਨ। ਕੁਦਰਤੀ ਅਵਸਥਾ ਵਿਚ ਕਈ ਤਰ੍ਹਾਂ ਦੀਆਂ ਰੋਕਾਂ ਸਨ ਜਿਹਨਾਂ ਨੂੰ ਦੂਰ ਕਰਨ ਲਈ ਮਨੁੱਖ ਨੂੰ ਸਮਾਜਿਕ ਸਮਝੌਤਾ ਕਰਨਾ ਪਿਆ ਸੀ। ਸਪੱਸ਼ਟ ਹੈ ਕਿ ਕੁਦਰਤੀ ਅਵਸਥਾ ਵਿੱਚ ਲੋਕਾਂ ਦੁਆਰਾ ਜੋ ਸਮਝੌਤਾ ਕੀਤਾ ਗਿਆ ਸਹ। ਉਹ ਹਾੱਬਜ ਦੇ ਸਮਝੌਤੇ ਦੀ ਤਰ੍ਹਾਂ ਡਰ ਦੁਆਰਾ ਨਹੀਂ ਸਗੋਂ ਕੁਦਰਤੀ ਅਵਸਥਾ ਵਿਚ ਆਉਣ ਵਾਲੀਆਂ ਮੁਸ਼ਕਲਾਂ ਤੋਂ ਖੁੱਲ ਪ੍ਰਾਪਤੀ ਲਈ ਕੀਤਾ ਗਿਆ ਸੀ।

# 4. ਅਧਿਕਾਰਾਂ ਸਬੰਧੀ ਵਿਚਾਰ

ਲਾਕ ਨੇ ਆਪਣੇ ਰਾਜਨੀਤਿਕ ਵਿਚਾਰਾਂ ਵਿਚ ਮਨੁੱਖੀ ਅਧਿਕਾਰਾਂ ਦਾ ਜ਼ੋਰਦਾਰ ਸਮਰਥਨ ਕੀਤਾ ਹੈ। ਲਾੱਕ ਦਾ ਵਿਚਾਰ ਹੈ ਕਿ ਕੁਦਰਤੀ ਅਵਸਥਾ ਵਿੱਚ ਮਨੁੱਖ ਨੂੰ ਤਿੰਨ ਤਰਾਂ ਦੇ ਅਧਿਕਾਰ ਪ੍ਰਾਪਤ ਸਨ - ਜੀਵਨ ਦਾ ਅਧਿਕਾਰ, ਸੁਤੰਤਰਤਾ ਦਾ ਅਧਿਕਾਰ ਅਤੇ ਸੰਪੱਤੀ ਦਾ ਅਧਿਕਾਰ। ਇਹਨਾਂ ਅਧਿਕਾਰਾਂ ਤੋਂ ਇਲਾਵਾ ਲਾੱਕ ਦਾ ਵਿਚਾਰ ਸੀ ਕਿ ਇਕ ਸੱਭਿਅਕ ਸਮਾਜ ਵਿੱਚ ਨਾਗਰਿਕਾਂ ਨੂੰ ਸਮਾਨਤਾ, ਸੁਤੰਤਰਤਾ, ਭਾਈਵਾਲ਼ ਅਤੇ ਨਿਆਂ ਆਦਿ ਦੇ ਅਧਿਕਾਰ ਵੀ ਪ੍ਰਾਪਤ ਹੋਣੇ ਚਾਹੀਦੇ ਹਨ। ਉਸ ਦਾ ਵਿਚਾਰ ਸੀ ਕਿ ਸਮਾਨਤਾ ਪ੍ਰਾਪਤ ਹੁੰਦੀ ਹੈ ਕਿਉਂਕਿ ਕੁਦਰਤ ਵੱਲੋਂ ਹਰੇਕ ਵਿਅਕਤੀ ਨੂੰ ਸਮਾਨ ਬਣਾਇਆ ਗਿਆ ਹੈ। ਆਪਣੇ ਵਿਚਾਰਾਂ ਵਿੱਚ ਲਾੱਕ ਨੇ ਮਨੁੱਖੀ ਸੁਤੰਤਰਤਾ ਦਾ ਜ਼ੋਰਦਾਰ ਸਮਰਥਨ ਕੀਤਾ ਹੈ। ਲੋਕ ਅਨੁਸਾਰ ਆਪਣੀ ਇੱਛਾ ਅਨੁਸਾਰ ਕੰਮ ਕਰਨਾ ਅਤੇ ਕਿਸੇ ਦੀ ਇੱਛਾ ਅਨੁਸਾਰ ਕੰਮ ਕਰਨ ਨੂੰ ਮਜ਼ਬੂਰ ਨਾ ਹੋਣਾ ਕੁਦਰਤੀ ਅਵਸਥਾ ਦੀ ਸੁਤੰਤਰਤਾ ਹੈ। ਲਾਕ ਨੇ ਵਿਅਕਤੀ ਦੀ ਨਿੱਜੀ ਸੁਤੰਤਰਤਾ ਤੇ ਵੀ ਕਾਫੀ ਜ਼ੋਰ ਦਿੱਤਾ ਸੀ।

# 5. ਰਾਜ ਸਬੰਧੀ ਵਿਚਾਰ

ਲਾੱਕ ਆਪਣੇ ਰਾਜਨੀਤਿਕ ਵਿਚਾਰਾਂ ਵਿੱਚ ਇਹ ਸਪੱਸ਼ਟ ਕਰਦਾ ਹੈ ਕਿ ਰਾਜ ਦੀ ਉੱਤਪਤੀ ਸਮਾਜਿਕ ਸਮਝੌਤੇ ਦੁਆਰਾ ਹੋਈ ਹੈ। ਲੋਕਾਂ ਨੇ ਕੁਦਰਤੀ ਅਵਸਥਾ ਤੋਂ ਬਚਣ ਦੇ ਲਈ ਸਮਾਜਿਕ ਸਮਝੌਤਾ ਕੀਤਾ ਸੀ। ਲਾੱਕ ਅਨੁਸਾਰ ਸਮਾਜਿਕ ਸਮਝੌਤਾ ਕਰਨ ਦਾ ਮੁੱਖ ਕਾਰਨ ਕੁਦਰਤੀ ਅਵਸਥਾ ਸੀ। ਕੁਦਰਤੀ ਅਵਸਥਾ ਵਿੱਚ ਤਿੰਨ ਘਾਟੇ ਸਨ – ਕੁਦਰਤੀ ਕਾਨੂੰਨ ਸਪੱਸ਼ਟ ਨਹੀਂ ਸਨ, ਨਿਰਪੱਖ ਜੱਜਾਂ ਅਤੇ ਕਾਨੂੰਨਾਂ ਨੂੰ ਲਾਗੂ ਕਰਨ ਵਾਲੀ ਸ਼ਾਸ਼ਨ ਸੱਤਾ ਦੀ ਘਾਟ ਸੀ। ਇਹਨਾਂ ਘਾਟਾਂ ਦੀ ਪੂਰਤੀ ਕਰਕੇ ਵਿਅਕਤੀ ਦੇ ਜੀਵਨ ,ਸੁਤੰਤਰਤਾ ਅਤੇ ਸੰਪੱਤੀ ਦੇ ਅਧਿਕਾਰਾਂ ਨੂੰ ਸੁਰੱਖਿਅਤ ਬਣਾਉਣਾ ਹੀ ਰਾਜ ਦਾ ਮੁੱਖ ਟੀਚਾ ਹੈ। ਲਾੱਕ ਅਨੁਸਾਰ ਉਸਦਾ ਰਾਜ ਆਮ ਸਹਿਮਤੀ ਤੇ ਅਧਾਰਿਤ ਸੀ ਜੋ ਕਿ ਜਨ ਕਲਿਆਣ ਤੇ ਆਧਾਰਿਤ ਸੀ। ਇਹ ਰਾਜ ਧਰਮ ਨਿਰਪੱਖ ਰਾਜ ਸੀ ਜੋ ਕਿ ਸੀਮਿਤ ਪ੍ਰਭੂ ਦੀ ਵਿਵਸਥਾ ਕਰਦਾ ਹੈ। ਇਸ ਰਾਜ ਵਿਚ ਕਾਨੂੰਨ ਦੇ ਸ਼ਾਸਨ ਦੀ ਹੋਂਦ ਪਾਈ ਜਾਂਦੀ ਹੈ। ਰਾਜ ਦੇ ਕੰਮ ਨਿਰਧਾਰਿਤ ਹਨ। ਉਹ ਕੇਵਲ ਉਹ ਕੰਮ ਨਹੀਂ ਕਰਦਾ ਹੈ ਜੋ ਕੁਦਰਤੀ ਅਵਸਥਾ ਵਿੱਚ ਰੋਕਾਂ ਬਣਦੇ ਸਨ। ਰਾਜ ਉਹਨਾਂ ਰੋਕਾਂ ਨੂੰ ਦੂਰ ਕਰਨ ਪ੍ਰਤੀ ਉੱਤਰਦਾਈ ਸੀ। ਲਾੱਕ ਦੇ ਰਾਜ ਸਬੰਧੀ ਵਿਚਾਰਾਂ ਦੀਆਂ ਵਿਸ਼ੇਸ਼ਤਾਵਾਂ ਤੋਂ ਰਾਜ ਦੇ ਉਦਾਰਵਾਦੀ ਸਰੂਪ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ

# 8. ਨਿੱਜੀ ਸੰਪਤੀ ਸਬੰਧੀ ਵਿਚਾਰ

ਲਾੱਕ ਨੇ ਆਪਣੀ ਰਾਜਨੀਤਿਕ ਵਿਚਾਰਾ ਵਿੱਚ ਨਿੱਜੀ ਸੰਪੱਤੀ ਦਾ ਵਰਨਣ ਕੀਤਾ ਹੈ। ਉਸਦਾ ਵਿਚਾਰ ਹੈ ਕਿ ਸੰਪੱਤੀ ਦਾ ਅਧਿਕਾਰ ਇਕ ਕੁਦਰਤੀ ਅਧਿਕਾਰ ਹੈ। ਉਸਨੇ ਸੰਪੱਤੀ ਦੇ ਕੁਦਰਤੀ ਅਧਿਕਾਰ ਦੀ ਵਰਤੋਂ ਨਿੱਜੀ ਸੰਪਤੀ ਦੇ ਅਧਿਕਾਰ ਤੋਂ ਕੀਤੀ ਹੈ। ਉਸਦੇ ਅਨੁਸਾਰ ਨਿੱਜੀ ਸੰਪਤੀ ਤੋਂ ਭਾਵ ਆਪਣੀ ਕਿਰਤ ਦੁਆਰਾ ਪ੍ਰਾਪਤ ਕੀਤੀ ਗਈ ਸੰਪਤੀ ਤੋਂ ਹੈ। ਨਿੱਜੀ ਸੰਪਤੀ ਵਿਅਕਤੀ ਨੂੰ ਕੰਮ ਕਰਨ ਲਈ ਪ੍ਰੋਤਸਾਹਨ ਦਿੰਦੀ ਹੈ। ਉਸਦਾ ਵਿਚਾਰ ਹੈ ਕਿ ਨਿੱਜੀ ਸੰਪੱਤੀ ਦੇ ਅਧਿਕਾਰ ਤੋਂ ਬਿਨਾਂ ਮਨੁੱਖ ਦਾ ਜੀਵਨ ਖਤਰੇ ਵਿਚ ਪੈ ਜਾਂਦਾ ਹੈ। ਇਸ ਨੂੰ ਉਹ ਖਰੀਦ ਜਾਂ ਵੇਚ ਸਕਦਾ ਹੈ। ਵਿਅਕਤੀ ਦੀ ਕਿਰਤ ਅਤੇ ਯੋਗਤਾ ਉਸਦੀ ਆਪਣੀ ਸੰਪੱਤੀ ਹੈ, ਉਹ ਇਸ ਨੂੰ ਵੇਚ ਸਕਦਾ ਹੈ ਅਤੇ ਦੂਜਾ ਵਿਅਕਤੀ ਇਸ ਨੂੰ ਖਰੀਦ ਸਕਦਾ ਹੈ।

# 9. ਕ੍ਰਾਂਤੀ ਸਬੰਧੀ ਵਿਚਾਰ

ਲਾੱਕ ਆਪਣੇ ਰਾਜਨੀਤਿਕ ਵਿਚਾਰਾ ਵਿੱਚ ਆਪਣੇ ਨਾਗਰਿਕਾਂ ਨੂੰ ਕ੍ਰਾਂਤੀ ਕਰਨ ਦਾ ਅਧਿਕਾਰ ਵੀ ਪ੍ਰਦਾਨ ਕਰਦਾ ਹੈ। ਉਸਦਾ ਵਿਚਾਰ ਹੈ ਕਿ ਸਮਾਜਿਕ ਸਮਝੋਤੇ ਦੁਆਰਾ ਜਨਤਾ ਦੁਆਰਾ ਰਾਜ ਨੂੰ ਸੀਮਤ ਅਧਿਕਾਰ ਹੀ ਪ੍ਰਦਾਨ ਕੀਤੇ ਗਏ ਹਨ ਅਤੇ ਰਾਜ ਜਨ ਸਹਿਮਤੀ ਤੇ ਅਧਾਰਿਤ ਹੈ। ਪਰ ਜੇਕਰ ਸ਼ਾਸਨ ਆਪਣੇ ਨਿਰਧਾਰਿਤ ਉਦੇਸ਼ਾਂ ਭਾਵ ਲੋਕਾਂ ਦੇ ਜੀਵਨ ਦੀ ਸੁਰੱਖਿਆ, ਸੁਤੰਤਰਤਾ ਅਤੇ ਸੰਪੱਤੀ ਦੀ ਰੱਖਿਆ ਕਰਨ ਵਿਚ ਅਸਮਰੱਥਾ ਪ੍ਰਗਟ ਕਰਦਾ ਹੈ ਜਾਂ ਅਸਫ਼ਲ ਰਹਿੰਦਾ ਹੈਂ ਤਾਂ ਅਜਿਹੀ ਹਾਲਤ ਵਿਚ ਜਨਤਾ ਨੂੰ ਉਸਦੇ ਵਿਰੁੱਧ ਵਿਦਰੋਹ ਜਾਂ ਕ੍ਰਾਂਤੀ ਕਰਨ ਦਾ ਅਧਿਕਾਰ ਪ੍ਰਾਪਤ ਹੈ। ਉਹ ਉਸ ਦੀ ਵਰਤੋਂ ਕਰਕੇ ਉਸਨੂੰ ਆਪਣੇ ਅਹੁਦੇ ਤੋਂ ਹਟਾ ਸਕਦਾ ਹੈ।     ਲਾੱਕ ਅਨੁਸਾਰ, " ਜਦ ਜਨਤਾ ਇਹ ਅਨੁਭਵ ਕਰਦੀ ਹੈ ਕਿ ਵਿਧਾਨਪਾਲਿਕਾ ਉਸ ਵਿਚ ਰੱਖੇ ਜਾਣ ਵਾਲੇ ਵਿਸ਼ਵਾਸ ਦੇ ਉਲਟ ਕੰਮ ਕਰ ਰਹੀ ਹੈ ਤਾਂ ਜਨਤਾ ਨੂੰ ਇਹ ਸਰਵ- ਉੱਚ ਅਧਿਕਾਰ ਪ੍ਰਾਪਤ ਹੈ ਕਿ ਉਹ ਵਿਧਾਨ ਪਾਲਿਕਾ ਨੂੰ ਹਟਾ ਦੇਵੇ ਜਾਂ ਬਦਲ ਦੇਵੇ।"

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਲਾੱਕ ਦੇ ਰਾਜਨੀਤਕ ਵਿਚਾਰਾਂ ਦਾ ਕੇਂਦਰ ਮਨੁੱਖ ਹੈ। ਉਸ ਦੇ ਸਾਰੇ ਰਾਜਨੀਤਿਕ ਵਿਚਾਰ ਮਨੁੱਖ ਦੇ ਆਲੇ - ਦੁਆਲੇ ਹੀ ਘੁੰਮਦੇ ਹਨ। ਵਿਅਕਤੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵੀ ਉਹ ਸਮਾਜਿਕ ਸਮਝੌਤਾ ਕਰਦਾ ਹੈ। ਉਸਦਾ ਵਿਚਾਰ ਹੈ ਕਿ ਮਨੁੱਖ ਸਭ ਤੋਂ ਚੰਗਾ ਜੀਵ ਹੈ ਪਰ ਹਾਲਾਤ ਉਸ ਨੂੰ ਜਾਂ ਉਸ ਦੇ ਸੁਭਾ ਨੂੰ ਬਦਲ ਦਿੰਦੇ ਹਨ। ਉਹ ਰਾਜ ਨੂੰ ਇਕ ਬਨਾਵਟੀ ਸੰਸਥਾ ਮੰਨਦਾ ਹੈ ਜਿਸ ਦਾ ਨਿਰਮਾਣ ਵਿਅਕਤੀ ਦੇ ਹਿੱਤਾਂ ਦੀ ਰੱਖਿਆ ਲਈ ਹੋਇਆ ਹੈ। ਉਹ ਵਿਅਕਤੀ ਨੂੰ ਟੀਚਾ ਅਤੇ ਰਾਜ ਨੂੰ ਇੱਕ ਸਾਧਨ ਮੰਨਦਾ ਹੈ। ਉਹ ਸਰਕਾਰ ਨੂੰ ਘੱਟ, ਪਰ ਲੋੜੀਂਦੇ ਕੰਮ ਹੀ ਸੌਂਪਣ ਦਾ ਸਮਰਥਨ ਕਰਦਾ ਹੈ। ਉਹ ਸਰਕਾਰ ਦੇ ਤਿੰਨ ਅੰਗਾਂ - ਕਾਰਜਪਾਲਿਕਾ , ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਨੂੰ ਮੰਨਦਾ ਹੈ ਅਤੇ ਇਨ੍ਹਾਂ ਤਿੰਨਾਂ ਦੇ ਆਪਣੇ ਆਪਣੇ ਕਾਰਜ ਨਿਰਧਾਰਿਤ ਕਰਦਾ ਹੈ। ਉਹ ਆਪਣੇ ਰਾਜਨੀਤਿਕ  ਵਿਚਾਰਾਂ ਵਿੱਚ ਸ਼ਕਤੀਆਂ ਦੀ ਵੰਡ ਸਬੰਧੀ ਵਿਚਾਰਾਂ ਦਾ ਸਮਰਥਨ ਕਰਦਾ ਹੈ। ਉਸਦਾ ਵਿਚਾਰ ਹੈ ਕਿ ਨਿੱਜੀ ਸੰਪੱਤੀ ਹਰੇਕ ਮਨੁੱਖ ਦਾ ਕੁਦਰਤੀ ਅਧਿਕਾਰ ਹੁੰਦਾ ਹੈ। ਉਹ ਆਮ ਜਨਤਾ ਨੂੰ ਆਪਣੇ ਅੱਤਿਆਚਾਰੀ ਸ਼ਾਸਕ ਦੇ ਵਿਰੁੱਧ ਕ੍ਰਾਂਤੀ ਕਰਨ ਦਾ ਅਧਿਕਾਰ ਵੀ ਪ੍ਰਦਾਨ ਕਰਦਾ ਹੈ। ਲਾੱਕ ਨੇ ਆਪਣੇ ਰਾਜਨੀਤਿਕ ਵਿਚਾਰਾ ਵਿੱਚ ਵਿਅਕਤੀਵਾਦ ਦਾ ਕਾਫੀ ਸਮਰਥਨ ਕੀਤਾ। ਉਹ ਸੀਮਿਤ ਰਾਜਤੰਤਰੀ ਵਿਵਸਥਾ ਦਾ ਇਛੁੱਕ ਹੈ ਅਤੇ ਸੰਸਦ ਦੀ ਸਰਵ ਉੱਚਤਾ ਦਾ ਸਮਰਥਨ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਰਾਜ ਵਿਚ ਸ਼ਾਸ਼ਨ ਪ੍ਰਬੰਧ ਕਿਸੇ ਵਿਅਕਤੀ ਜਾਂ ਸੰਸਥਾ ਦੀ ਇੱਛਾ ਅਨੁਸਾਰ ਨਹੀਂ ਸਗੋਂ ਕਾਨੂੰਨ ਅਨੁਸਾਰ ਚਲਾਇਆ ਜਾਣਾ ਚਾਹੀਦਾ ਹੈ। ਉਹ ਆਪਣੇ ਵਿਚਾਰਾਂ ਵਿੱਚ ਉਦਾਰਵਾਦ ਅਤੇ ਧਰਮ ਨਿਰਪੱਖਤਾ ਦਾ ਜ਼ੋਰਦਾਰ ਸਮਰਥਨ ਕਰਦਾ ਹੈ। ਆਪਣੀ ਉਦਾਰਵਾਦੀ ਵਿਚਾਰਾਂ ਕਾਰਨ ਹੀ ਲਾੱਕ ਨੂੰ ਉਦਾਰਵਾਦ ਦਾ ਮੋਢੀ ਵਿਚਾਰਕ ਹੋਣ ਦਾ ਦਰਜਾ ਪ੍ਰਾਪਤ ਹੈ। ਉਸਦੇ  ਰਾਜਨੀਤਿਕ ਵਿਚਾਰਾਂ ਦਾ ਪ੍ਰਤੱਖ ਪ੍ਰਭਾਵ ਅਮਰੀਕੀ ਸੰਸਥਾ ਦੇ ਘੋਸ਼ਣਾ ਪੱਤਰ ,1776 ਅਤੇ ਫ਼ਰਾਂਸ ਦੀ ਰਾਜ ਕ੍ਰਾਂਤੀ ,1789 ਤੇ ਦਿਖਾਈ ਦਿੰਦਾ ਹੈ । ਮਾਂਟੇਸਕਿਊ ਨੇ ਆਪਣੀ ਸ਼ਕਤੀ ਦੀ ਵੰਡ ਦੇ ਸਿਧਾਂਤ ਦੀ ਪ੍ਰੇਰਨਾ ਕਾਫੀ ਹੱਦ ਤਕ ਲਾੱਕ ਤੋਂ ਹੀ ਪ੍ਰਾਪਤ ਕੀਤੀ ਸੀ। ਆਪਣੇ ਰਾਜਨੀਤਿਕ ਦਰਸ਼ਨ ਦਾ ਰਾਜਨੀਤਿਕ ਸਾਹਿਤ ਨੂੰ ਦਿੱਤੇ ਯੋਗਦਾਨ ਕਾਰਨ ਉਸ ਦਾ ਨਾਂ ਇਤਿਹਾਸ ਵਿਚ ਅਮਰ ਹੋ ਜਾਂਦਾ ਹੈ